ਪੀ.ਐਸ.ਈ.ਬੀ. ਕੰਪਲੈਕਸ, ਵਿਦਿਆ ਭਵਨ,ਬਲਾਕ ਈ,ਛੇਵੀਂ ਮੰਜਿਲ,ਫੇਜ਼-8, ਮੋਹਾਲੀ,
ਈ-ਮੇਲ:directorscert@punjabeducation.gov.in,ਫੋਨ ਨੰਬਰ:0172-221222

ਵੱਲ,

ਸਮੂਹ ਜ਼ਿਲ੍ਹਾ ਸਿਖਿਆ ਅਫਸਰ (ਸੈ.ਸਿ),
ਸਮੂਹ ਪ੍ਰਿੰਸੀਪਲ, ਮੁੱਖ ਅਧਿਆਪਕ ਅਤੇ ਇੰਚਾਰਜ ਸਾਹਿਬਾਨ
ਸਮੂਹ ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲ,
ਪੰਜਾਬ।

ਸ-6
17/8

ਮੀਮੋ ਨੰ: e- 152139/SCERT/Eng/SS/2023/ 224028-224031
ਮਿਤੀ: 11/08/2023

ਵਿਸ਼ਾ:- **Gender sensitization Project (ਚਾਨਣ ਰਿਸ਼ਮਾ) ਤਹਿਤ ਸਕੂਲ ਵਿਜਿਟ/ਮੋਨੀਟਰਿੰਗ ਕਰਨ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ Gender Sensitization ਪ੍ਰੋਜੈਕਟ, ਪੰਜਾਬ ਦੇ ਸਾਰੇ ਸਰਕਾਰੀ ਸਕੂਲਾਂ ਵਿੱਚ ਜਮਾਤ 6ਵੀਂ ਤੋਂ 8ਵੀਂ ਵਿੱਚ ਪੜ੍ਹਦੇ ਵਿਦਿਆਰਥੀਆਂ ਲਈ ਸੈਸ਼ਨ 2022-23 ਵਿੱਚ ਸ਼ੁਰੂ ਕੀਤਾ ਜਾ ਚੁੱਕਾ ਹੈ, ਇਹ ਪ੍ਰੋਜੈਕਟ Breakthrough, J-Pal (Jameel Poverty Action Lab) South Asia ਅਤੇ ਪੰਜਾਬ ਸਕੂਲ ਸਿੱਖਿਆ ਵਿਭਾਗ ਦੇ ਸਹਿਯੋਗ ਨਾਲ ਚਲਾਇਆ ਜਾ ਰਿਹਾ ਹੈ।

ਇਸ ਪ੍ਰੋਜੈਕਟ ਦੀ ਮੋਨੀਟਰਿੰਗ ਅਤੇ ਇਸ ਵਿਸ਼ੇ ਨੂੰ ਪੜ੍ਹਾ ਰਹੇ ਅਧਿਆਪਕਾਂ ਦੀ ਮੋਨੀਟਰਿੰਗ ਅਤੇ ਵਿਦਿਆਰਥੀਆਂ ਦੀ ਲਿੰਗ ਸਮਾਨਤਾ ਦੀ ਸਮਝ ਨੂੰ ਜਾਨਣ ਲਈ ਉਕਤ ਸੰਸਥਾਵਾਂ ਦੇ ਮੈਂਬਰਾਂ ਦੁਆਰਾ ਸਕੂਲਾਂ ਵਿੱਚ ਵਿਜਿਟ ਕੀਤੀ ਜਾਵੇਗੀ। ਇਸ ਦੌਰਾਨ ਉਹਨਾਂ ਦੁਆਰਾ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਸਕੂਲਾਂ ਦੇ ਪਿੰਸੀਪਲ, ਮੁੱਖ ਅਧਿਆਪਕਾਂ, ਇੰਚਾਰਜਾਂ ਨਾਲ ਵੀ ਗੱਲ-ਬਾਤ ਕੀਤੀ ਜਾਵੇਗੀ।

ਇਸ ਸੰਸਥਾ ਦੇ ਟੀਮ ਮੈਂਬਰਾਂ ਨੂੰ ਸਕੂਲ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਤੋਂ ਕੋਈ ਵੀ ਨਿੱਜੀ ਡਾਟਾ ਲੈਣ ਦੀ ਆਗਿਆ ਨਹੀਂ ਹੈ ਅਤੇ ਉਹ ਸਬੰਧਤ ਸਕੂਲ ਦੇ ਪ੍ਰਿੰਸੀਪਲ ਨਾਲ ਤਾਲਮੇਲ ਕਰਨ ਉਪਰੰਤ ਲੋੜੀਂਦਾ ਕਾਰਜ ਕਰਨਗੇ ਅਤੇ ਇਹ ਯਕੀਨੀ ਬਣਾਉਣਗੇ ਕਿ ਸਕੂਲੀ ਕਾਰਜ ਅਤੇ ਵਿਦਿਆਰਥੀਆਂ ਦੀ ਪੜ੍ਹਾਈ ਦਾ ਹਰਜ਼ ਨਾ ਹੋਵੇ।

ਡਾਇਰੈਕਟਰ
ਐਸ.ਸੀ.ਈ.ਆਰ.ਟੀ,ਪੰਜਾਬ।

ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ) ਬਠਿੰਡਾ
ਪਿੱਠ ਅੰਕਣ ਨੰ- ਸ-6/2023/642 ਮਿਤੀ 17/08/23
ਉਪਰੋਕਤ ਵਿਸ਼ੇ ਦੇ ਸਬੰਧ ਵਿਚ ਸਕੂਲ ਮੁਖੀਆਂ ਨੂੰ ਲਿਖ ਕੇ ਭੇਜਿਆ ਜਾਂਦਾ ਹੈ ਕਿ ਪੱਤਰ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

17/8/23
ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ)
ਬਠਿੰਡਾ
17/8/23

Scanned with OKEN Scanner